# 1 ਮਾਈਐਜੂਕੇਸ਼ਨ ਬੀ ਸੀ


ਮਾਈਐਜੂਕੇਸ਼ਨ ਬੀਸੀ (ਮਾਈਐੱਡਬੀਸੀ) ਐਪਲੀਕੇਸ਼ਨ ਇਕ ਸੁਰੱਖਿਅਤ (ਸਿਕਿਉਰ) ਪੋਰਟਲ ਹੈ, ਜਿਹੜੀ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਬਹੁਤੇ ਸਕੂਲ ਜ਼ਿਲ੍ਹਿਆਂ ਵਿੱਚ ਵਰਤੀ ਜਾਂਦੀ ਹੈ। ਇਸ ਦੀ ਸਿਕਿਉਰਟੀ ਲਈ ਸੇਧ ਸਕੂਲ ਐਕਟ ਅਤੇ ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ (ਐੱਫ ਓ ਆਈ ਪੀ ਪੀ ਏ) ਦੇ ਨਿਯਮਾਂ ਅਤੇ ਕਾਇਦਿਆਂ ਤੋਂ ਲਈ ਜਾਂਦੀ ਹੈ। ਜੇ ਤੁਹਾਡਾ ਕੋਈ ਸਵਾਲ ਜਾਂ ਸਰੋਕਾਰ ਹੋਵੇ ਤਾਂ ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ।

# 2 ਲੌਗ-ਇਨ ਕਰਨਾ


ਤੁਹਾਡੇ ਵੱਲੋਂ ਆਪਣਾ ਅਕਾਊਂਟ ਬਣਾਉਣ ਸਮੇਂ ਤੁਹਾਨੂੰ ਈਮੇਲ ਰਾਹੀਂ **ਲੌਗ-ਇਨ ਆਈ ਡੀ** ਅਤੇ ਟੈਂਪਰੇਰੀ **ਪਾਸਵਰਡ** ਭੇਜਿਆ ਜਾਵੇਗਾ। ਈਮੇਲ 'sysadmin@myeducation.gov.bc.ca' ਤੋਂ ਆਵੇਗੀ।

ਮਾਈਐੱਡਬੀਸੀ ਦੇ ਵੈੱਬਸਾਈਟ ਦਾ ਪਤਾ ਹੈ: https://www.myeducation.gov.bc.ca/aspen/logon.do


1. ਆਪਣੀ **ਲੌਗ-ਇਨ** ਆਈ ਡੀ ਅਤੇ ਟੈਂਪਰੇਰੀ **ਪਾਸਵਰਡ** ਦਾਖਲ ਕਰੋ
2. **ਲੌਗ-ਇਨ** 'ਤੇ ਕਲਿੱਕ ਕਰੋ




3. ਤੁਹਾਨੂੰ ਪਾਸਵਰਡ ਬਦਲਣ ਲਈ ਕਿਹਾ ਜਾਵੇਗਾ। **'ਕਰੰਟ ਪਾਸਵਰਡ (ਮੌਜੂਦਾ ਪਾਸਵਰਡ)"** ਉਹ ਟੈਂਪਰੇਰੀ ਪਾਸਵਰਡ ਹੈ ਜਿਹੜਾ ਤੁਹਾਨੂੰ ਭੇਜਿਆ ਗਿਆ ਸੀ। **"ਨਵਾਂ ਪਾਸਵਰਡ"** ਦਾਖਲ ਕਰੋ ਅਤੇ **"ਨਵੇਂ ਪਾਸਵਰਡ ਦੀ ਪੁਸ਼ਟੀ (ਕਨਫਰਮ)"** ਕਰੋ। ਪਾਸਵਰਡ ਵਿੱਚ ਕੀ ਕੀ ਹੋਣਾ ਚਾਹੀਦਾ ਹੈ, ਇਸ ਬਾਰੇ ਵਾਰਨਿੰਗ ਦੇਣ ਵਾਲੇ ਲਾਲ ਸਾਈਨ ਦੇ ਪਿੱਛੇ ਲਿਖਿਆ ਹੋਇਆ




4. ਤੁਹਾਨੂੰ ਆਪਣੇ ਈਮੇਲ ਐਡਰਸ ਦੀ ਪੁਸ਼ਟੀ ਕਰਨ ਲਈ ਅਤੇ ਸਿਕਿਉਰਟੀ ਲਈ ਇਕ ਸਵਾਲ ਅਤੇ ਜਵਾਬ, ਜਿਸ ਨੂੰ ਤੁਸੀਂ ਯਾਦ ਰੱਖ ਸਕੋ, ਦੀ ਚੋਣ ਕਰਕੇ ਆਪਣੀਆਂ ਸਿਕਿਉਰਟੀ ਦੀਆਂ ਤਰਜੀਹਾਂ ਦਾਖਲ ਕਰਨ ਲਈ ਕਿਹਾ ਜਾਵੇਗਾ। ਇਸ ਨਾਲ ਤੁਸੀਂ ਲੌਗ-ਔਨ ਸਫੇ `ਤੇ "ਫੌਰਗੌਟ ਮਾਈ ਪਾਸਵਰਡ (ਮੈਂ ਆਪਣਾ ਪਾਸਵਰਡ ਭੁੱਲ ਗਿਆ/ਗਈ ਹਾਂ)" ਦਾ ਫੰਕਸ਼ਨ ਵਰਤ ਸਕੋਗੇ, ਜੇ ਤੁਹਾਨੂੰ ਆਪਣਾ ਪਾਸਵਰਡ ਦੋਹਰੀ ਵਾਰ ਸੈੱਟ ਕਰਨ ਦੀ ਲੋੜ ਹੋਵੇ ਤਾਂ।





## 2.1 ਪਰੈਫਰੈਂਸਿਜ਼ (ਤਰਜੀਹਾਂ)

ਲੌਗ-ਇਨ ਕਰਨ ਤੋਂ ਬਾਅਦ, ਤੁਸੀਂ ਆਪਣੇ ਨਾਂ ਨਾਲ ਦੇ ਹੇਠਾਂ ਨੂੰ ਖੁੱਲ੍ਹਣ ਵਾਲੇ ਤੀਰ (ਐਰੋ) ਅਤੇ ਸਕਰੀਨ ਦੇ ਸਿਖਰ `ਤੇ ਸੱਜੇ ਪਾਸੇ ਲਿਖੇ *"ਸੈੱਟ ਪਰੈਫਰੈਂਸਿਜ਼"* ਦੀ ਚੋਣ ਕਰਕੇ ਆਪਣੀਆਂ ਪਰੈਫਰੈਂਸਿਜ਼ (ਤਰਜੀਹਾਂ) ਵਿੱਚ ਤਬਦੀਲੀਆਂ ਕਰ ਸਕਦੇ ਹੋ।




## 2.2 ਪਾਸਵਰਡ ਰਿਕਵਰੀ


ਜੇ ਤੁਸੀਂ ਮਾਈਐੱਡਬੀਸੀ ਪੋਰਟਲ ਦਾ ਪਾਸਵਰਡ ਭੁੱਲ ਜਾਂਦੇ ਹੋ, ਤਾਂ ਤੁਸੀਂ ਲੌਗ-ਇਨ ਸਕਰੀਨ `ਤੇ "*ਆਈ ਫੌਰਗੌਟ ਮਾਈ ਪਾਸਵਰਡ*" ਦੇ ਲਿੰਕ ਨੂੰ ਕਲਿੱਕ ਕਰ ਸਕਦੇ ਹੋ ਅਤੇ ਤੁਹਾਨੂੰ ਨਵੇਂ ਟੈਂਪਰੇਰੀ ਪਾਸਵਰਡ ਵਾਲੀ ਇਕ ਈਮੇਲ ਭੇਜੀ ਜਾਵੇਗੀ।




# 3 ਨੈਵੀਗੇਸ਼ਨ

**ਟੌਪ (ਉਪਰਲੀਆਂ) ਟੈਬਜ਼:** ਮੇਨ ਪੇਜ (ਮੁੱਖ ਸਫੇ) ਦੇ **ਉਪਰਲੇ ਸਿਰੇ `ਤੇ ਚਾਰ ਟੈਬਾਂ** (ਬਟਨ) ਹਨ। ਉਪਰਲੇ ਸਿਰੇ ਦੀ ਜਿਹੜੀ ਟੈਬ ਨੂੰ ਤੁਸੀਂ ਦੇਖ ਰਹੇ ਹੋਵੋਗੇ ਉਹ ਹਾਈਲਾਈਟ ਹੋ ਜਾਵੇਗੀ।

**ਸਾਈਡ (ਪਾਸਿਆਂ ਦੀਆਂ) ਟੈਬਜ਼:** ਮੌਜੂਦਾ ਉਪਰਲੀ ਟੈਬ ਦੇ ਹਿਸਾਬ ਨਾਲ ਸਾਈਡ (ਪਾਸਿਆਂ ਦੀਆਂ) ਵਾਲੀਆਂ ਟੈਬਾਂ ਬਦਲ ਜਾਣਗੀਆਂ।





## 3.1 ਪੇਜਜ਼ ਟੌਪ ਟੈਬ

ਹਰ ਵੇਲੇ ਲੌਗ-ਇਨ ਕਰਨ `ਤੇ ਤੁਸੀਂ ਪੇਜਜ਼ ਟੌਪ ਟੈਬ `ਤੇ ਪਹੁੰਚਗੋ। ਇੱਥੇ ਸੂਬਾਈ ਸੇਵਾ ਪ੍ਰਦਾਨ ਕਰਨ ਵਾਲੇ ਵੱਲੋਂ ਆਉਣ ਵਾਲੇ ਸਮਿਆਂ ਵਿੱਚ ਸਿਸਟਮ ਦੇ ਬੰਦ ਰਹਿਣ ਬਾਰੇ ਨੋਟਿਸ ਅਤੇ ਹੋਰ ਜਾਣਕਾਰੀ ਮਿਲੇਗੀ।

ਪਹੁੰਚਣ ਵਾਲੇ ਮੁੱਖ ਸਫੇ (ਮੇਨ ਲੈਂਡਿੰਗ ਪੇਜ) `ਤੇ ਇਹ ਸ਼ਾਮਲ ਹੋਵੇਗਾ:

*ਤਾਜ਼ੀ ਸਰਗਰਮੀ (ਰੀਸੈਂਟ ਐਕਟਿਵਟੀ)*- ਵਿਦਿਆਰਥੀ ਦੀ ਹਾਜ਼ਰੀ ਬਾਰੇ ਤਾਜ਼ਾ ਪੋਸਟ ਕੀਤੀ ਜਾਣਕਾਰੀ ਅਤੇ ਨੰਬਰਾਂ ਬਾਰੇ ਕੁੱਝ ਜਾਣਕਾਰੀ।

*ਛਪੀਆਂ ਰਿਪੋਰਟਾਂ (ਪਬਲਿਸ਼ਡ ਰਿਪੋਰਟਸ)*- ਜਦੋਂ ਕੋਈ ਰਿਪੋਰਟ ਕਾਰਡ ਪੋਰਟਲ `ਤੇ ਪ੍ਰਕਾਸ਼ਤ ਹੋਵੇਗਾ, ਤਾਂ ਇਹ ਛਪੀਆਂ ਰਿਪੋਰਟਾਂ (ਪਬਲਿਸ਼ਡ ਰਿਪੋਰਟਸ) ਦੇ ਸਿਰਲੇਖ ਹੇਠ ਇਕ ਲਿੰਕ ਵਾਲੇ ਪੀ ਡੀ ਐੱਫ ਦੇ ਡਾਕੂਮੈਂਟ ਦੇ ਤੌਰ `ਤੇ ਦਿਖਾਈ ਦੇਵੇਗਾ। ਤੁਹਾਨੂੰ ਇਸ ਬਾਰੇ ਇਕ ਈਮੇਲ ਮਿਲੇਗੀ ਕਿ ਇਹ ਪੋਰਟਲ `ਤੇ ਪ੍ਰਕਾਸ਼ਤ ਕਰ ਦਿੱਤਾ ਗਿਆ ਹੈ।





ਵੈੱਬ ਦੇ ਜਿਹਨਾਂ ਹੋਰ ਸਫਿਆਂ (ਪੇਜਾਂ) ਨੂੰ ਤੁਸੀਂ ਦੇਖ ਸਕਦੇ ਹੋ, ਉਹ ਦੇਖਣ ਲਈ ਪੇਜ ਡਾਇਰੈਕਟਰੀ `ਤੇ ਕਲਿੱਕ ਕਰੋ। ਆਪਣੇ ਦੇਖਣ ਵਾਲੇ ਸਫਿਆਂ (ਪੇਜਾਂ) ਵਿੱਚ ਸ਼ਾਮਲ ਕਰਨ ਲਈ **ਐਡ** `ਤੇ ਕਲਿੱਕ ਕਰੋ। ਐਡ ਕੀਤਾ ਸਫਾ (ਪੇਜ) ਹੁਣ ਖੱਬੇ ਪਾਸੇ ਦਿੱਤੀ ਸਫਿਆਂ ਦੀ ਲਿਸਟ ਵਿੱਚ ਦਿਖਾਈ ਦੇਵੇਗਾ।




## 3.2 ਫੈਮਿਲੀ ਟੌਪ ਟੈਬ

ਇਸ ਟੈਬ ਵਿੱਚ ਤੁਹਾਡੇ ਬੱਚੇ ਬਾਰੇ ਡੈਮੋਗਰਾਫਿਕ (ਜਨ-ਅੰਕੜਿਆਂ ਸੰਬੰਧੀ) ਜਾਣਕਾਰੀ ਹੈ। ਹਰ **ਸਾਈਡ (ਪਾਸੇ ਦੀ) ਟੈਬ** ਵਿੱਚ ਖਾਸ ਜਾਣਕਾਰੀ ਸ਼ਾਮਲ ਹੈ। ਜੇ ਤੁਹਾਡੇ ਇਕ ਤੋਂ ਵੱਧ ਬੱਚੇ ਹਨ, ਤਾਂ ਫੈਮਿਲੀ ਟੌਪ ਟੈਬ  (ਵਿਦਿਆਰਥੀ ਦੇ ਨਾਂ ਨਾਲ ਦਿੱਤੇ ਖਾਨੇ ਦੀ ਵਰਤੋਂ ਕਰਕੇ) ਤੁਹਾਨੂੰ ਇਕ ਵਿਦਿਆਰਥੀ ਦੀ ਚੋਣ ਕਰਨ ਦੇਵੇਗੀ, ਫਿਰ ਤੁਸੀਂ ਚੁਣੇ ਹੋਏ ਵਿਦਿਆਰਥੀ ਬਾਰੇ ਵਿਸਥਾਰ ਵਿੱਚ ਜਾਣਕਾਰੀ ਲੈਣ ਲਈ ਉੱਥੇ ਦਿੱਤੀਆਂ ਸਾਈਡ (ਪਾਸੇ ਦੀਆਂ) ਟੈਬਾਂ `ਤੇ ਕਲਿੱਕ ਕਰੋਗੇ।




**ਡਿਟੇਲਜ਼** ਨਾਂ ਦੀ ਸਾਈਡ ਟੈਬ ਡੈਮੋਗ੍ਰਾਫਿਕਸ (ਜਨ-ਅੰਕੜੇ), ਘਰ ਦਾ ਅਤੇ ਡਾਕ ਭੇਜਣ ਦਾ ਪਤਾ, ਅਤੇ ਤੁਹਾਡੇ ਬੱਚੇ ਦੀ ਤਾਜ਼ਾ ਫੋਟੋ ਸਮੇਤ ਮੁੱਢਲੀ ਜਾਣਕਾਰੀ ਦਿਖਾਉਂਦੀ ਹੈ।

**ਕੌਨਟੈਕਟਸ** ਨਾਂ ਦੀ ਸਾਈਡ ਟੈਬ ਮਾਪੇ/ਗਾਰਡੀਅਨ ਅਤੇ ਐਮਰਜੰਸੀ ਵਿੱਚ ਸੰਪਰਕ ਕਰਨ ਵਾਲੇ ਵਿਅਕਤੀ ਬਾਰੇ ਜਾਣਕਾਰੀ ਦਿਖਾਉਂਦੀ ਹੈ। ਕਿਰਪਾ ਕਰਕੇ ਇਸ ਨੂੰ ਚੈੱਕ ਕਰੋ, ਅਤੇ ਜੇ ਕੋਈ ਤਬਦੀਲੀ ਕਰਨੀ ਹੋਵੇ ਤਾਂ ਉਸ ਬਾਰੇ ਸਕੂਲ ਨੂੰ ਦੱਸੋ।

**ਟ੍ਰਾਂਸਕਰਿਪਟ** ਨਾਂ ਦੀ ਸਾਈਡ ਟੈਬ ਕਲਾਸ ਵਿੱਚ ਲਏ ਤਾਜ਼ੇ ਅਤੇ ਪਿਛਲੇ ਸਾਲਾਂ ਦੇ ਨੰਬਰ ਦਿਖਾਉਂਦੀ ਹੈ।

**ਜ਼ਰੂਰੀ**: ਸਾਰੇ ਰਿਕਾਰਡ ਦੇਖਣ ਲਈ **ਡਿਕਸ਼ਨਰੀ ਦੇ ਮੀਨੂ** ਨੂੰ **ਆਲ** ਵਿੱਚ ਬਦਲੋ।

ਤੁਸੀਂ ਜੋ ਵੀ ਦੇਖਣਾ ਚਾਹੁੰਦੇ ਹੋਵੋ, ਉਸ ਹਿਸਾਬ ਨਾਲ **ਫਿਲਟਰ** ਨੂੰ **ਆਲ ਰਿਕਾਰਡਜ਼ (ਸਾਰੇ ਰਿਕਾਰਡ)** ਜਾਂ **ਕਰੰਟ ਯੀਅਰ (ਮੌਜੂਦਾ ਸਾਲ)** `ਤੇ ਸੈੱਟ ਕਰੋ।




**ਅਸੈੱਸਮੈਂਟਸ** ਨਾਂ ਦੀ ਸਾਈਡ ਟੈਬ ਵਿੱਚ ਇਸ ਸਮੇਂ ਐੱਫ ਐੱਸ ਏ ਜਾਂ ਪ੍ਰੋਵਿੰਸ਼ਿਅਲ ਇਮਤਿਹਾਨਾਂ ਵਰਗੀਆਂ ਸੂਬਾਈ ਅਸੈੱਸਮੈਂਟਾਂ ਹਨ।

**ਸਕੈਜੁਅਲ** ਨਾਂ ਦੀ ਸਾਈਡ ਟੈਬ ਤੁਹਾਡੇ ਬੱਚੇ ਦੇ ਮੌਜੂਦਾ ਕੋਰਸ ਦਿਖਾਉਂਦੀ ਹੈ। ਸਕੈਜੁਅਲ ਦੇਖਣ ਦੇ ਦੋ ਢੰਗ ਹਨ: ਲਿਸਟ ਵਿਊ ਅਤੇ ਮੈਟਰਿਕਸ ਵਿਊ। ਤੁਸੀਂ ਸਕਰੀਨ ਦੇ ਸਿਖਰ `ਤੇ ਖੱਬੇ ਪਾਸੇ ਦਿੱਤੀਆਂ << ਲਿਸਟ ਵਿਊ ਅਤੇ ਮੈਟਰਿਕਸ ਵੀਊ >> ਦੀਆਂ ਚੋਣਾਂ ਦੀ ਵਰਤੋਂ ਕਰਕੇ ਇਹਨਾਂ ਦੋਵਾਂ ਵਿਊਜ਼ ਵਿਚਕਾਰ ਟੌਗਲ (ਬਦਲੀ) ਕਰ ਸਕਦੇ ਹੋ।

**ਰਿਕੁਇਸਟਸ** ਨਾਂ ਦੀ ਸਾਈਡ ਟੈਬ ਵਿੱਚ ਅਗਲੇ ਸਕੂਲ ਸਾਲ ਲਈ ਕੋਰਸਾਂ ਦੀਆਂ ਬੇਨਤੀਆਂ (ਰਿਕੁਇਸਟਸ) ਅਤੇ **ਗਰੈਜੂਏਸ਼ਨ ਲਈ ਤਰੱਕੀ** ਦਾ ਸਾਰ (ਸਮਰੀ) ਸ਼ਾਮਲ ਹੈ।

**ਮੈਂਬਰਸ਼ਿੱਪ** ਨਾਂ ਦੀ ਸਾਈਡ ਟੈਬ ਤੁਹਾਡੇ ਬੱਚੇ ਦੇ **ਦਾਖਲੇ (ਇਨਰੋਲਮੈਂਟ)** ਦਾ ਇਤਿਹਾਸ ਦਿਖਾਉਣ ਦੇ ਨਾਲ ਨਾਲ ਉਹ **ਸਕੂਲ** ਵੀ ਦਿਖਾਉਂਦੀ ਹੈ ਜਿਹਨਾਂ ਵਿੱਚ ਉਹ ਦਾਖਲ (ਇਨਰੋਲ) ਹੋਇਆ ਹੋ ਸਕਦਾ ਹੈ। **ਪ੍ਰੋਗਰਾਮਜ਼ ਨਾਂ** ਦੀ ਸਾਈਡ ਟੈਬ ਪ੍ਰੋਗਰਾਮ ਵੀ ਦਿਖਾਉਂਦੀ ਹੈ।


**ਟ੍ਰਾਂਜੈਕਸ਼ਨਜ਼** ਨਾਂ ਦੀ ਸਾਈਡ ਟੈਬ ਵਿੱਚ ਫੀਸਾਂ ਬਾਰੇ ਜਾਣਕਾਰੀ ਹੋ ਸਕਦੀ ਹੈ।

**ਡਾਕੂਮੈਂਟਸ** ਨਾਂ ਦੀ ਸਾਈਡ ਟੈਬ ਵਿੱਚ ਡਾਕੂਮੈਂਟਸ ਹੋ ਸਕਦੇ ਹਨ।

**ਨੋਟੀਫਿਕੇਸ਼ਨਜ਼** ਨਾਂ ਦੀ ਸਾਈਡ ਟੈਬ ਇਸ ਸਮੇਂ ਵਰਤੋਂ ਵਿੱਚ ਨਹੀਂ ਹੈ। ਆਉਣ ਵਾਲੇ ਸਮੇਂ ਵਿੱਚ ਇਸ ਪ੍ਰੋਜੈਕਟ ਵਿੱਚ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

## 3.3 ਅਕੈਡਮਿਕਸ ਟੌਪ ਟੈਬ


ਅਕੈਡਮਿਕਸ ਨਾਂ ਦੀ ਟੌਪ (ਉਪਰਲੀ) ਟੈਬ ਤੁਹਾਨੂੰ (ਕੋਰਸ ਦੇ ਨਾਲ ਦੇ ਖਾਨੇ ਵਿੱਚ ਨਿਸ਼ਾਨ ਲਾ ਕੇ) ਕੋਰਸ ਦੀ ਚੋਣ ਕਰਨ ਦੇਵੇਗੀ ਅਤੇ ਫਿਰ ਮੌਜੂਦਾ ਸਾਈਡ (ਪਾਸੇ ਦੀਆਂ) ਟੈਬਾਂ `ਤੇ ਕਲਿੱਕ ਕਰਕੇ ਤੁਹਾਡੇ ਵੱਲੋਂ ਚੁਣੇ ਕੋਰਸ ਬਾਰੇ ਵੇਰਵੇ ਦੇਖਣ ਦੇਵੇਗੀ।




**ਅਸਾਈਨਮੈਂਟਸ** ਨਾਂ ਦੀ ਸਾਈਡ ਟੈਬ ਅਸਾਈਨਮੈਂਟ ਅਤੇ ਅਸੈੱਸਮੈਂਟ (ਮੁੱਲਾਂਕਣ) ਬਾਰੇ ਜਾਣਕਾਰੀ ਦੇ ਸਕਦੀ ਹੈ।

**ਅਟੈਂਡਿੰਸ** ਨਾਂ ਦੀ ਸਾਈਡ ਟੈਬ ਚੁਣੀਆਂ ਹੋਈਆਂ ਕਲਾਸਾਂ ਵਿੱਚ ਹਾਜ਼ਰੀ ਦੀ ਜਾਣਕਾਰੀ ਦਿੰਦੀ ਹੈ।

ਇਕ ਵਾਰ ਕੋਰਸ ਚੁਣਨ ਅਤੇ ਸਾਈਡ ਟੈਬ `ਤੇ ਕਲਿੱਕ ਕਰਨ ਤੋਂ ਬਾਅਦ ਤੁਸੀਂ ਲਿਸਟ ਵਿੱਚਲੇ ਕੋਰਸਾਂ ਵਿੱਚੋਂ ਇਕ ਤੋਂ ਦੂਜੇ `ਤੇ ਜਾਣ ਲਈ ਸਿਖਰ ਦੇ ਸੱਜੇ ਖੂੰਝੇ ਵਿੱਚ ਦਿੱਤੇ ਨੈਵੀਗੇਸ਼ਨ ਐਰੋਜ਼ (ਤੀਰਾਂ) ਦੀ ਵਰਤੋਂ ਕਰ ਸਕਦੇ ਹੋ। ਨੈਵੀਗੇਸ਼ਨ ਬਟਨ ਰਿਕਾਰਡਾਂ ਵਿੱਚ ਅੱਗੇ ਪਿੱਛੇ ਜਾਣਾ ਸੌਖਾ ਬਣਾਉਂਦੇ ਹਨ।



**ਕਿਰਪਾ ਕਰਕੇ ਨੋਟ ਕਰੋ:** ਹੋ ਸਕਦਾ ਹੈ ਕਿ ਇੱਥੇ ਦਿੱਤੇ ਗਏ ਨੰਬਰ ਵਿਦਿਆਰਥੀ ਦੀ ਪੱਧਰ ਦੀ ਪੂਰੀ ਤਸਵੀਰ ਨਾ ਦਿਖਾਉਣ ਅਤੇ ਹੋ ਸਕਦਾ ਹੈ ਕਿ ਉਹ ਉਸ ਦੇ ਰਿਪੋਰਟ ਕਾਰਡ ਦੇ ਨੰਬਰਾਂ ਨਾਲ ਮੇਲ ਨਾ ਖਾਣ।

## 3.4 ਕੈਲੰਡਰ ਟੌਪ ਟੈਬ

ਤੁਸੀਂ ਕੈਲੰਡਰ ਨੂੰ *ਦਿਨ, ਹਫਤੇ* ਜਾਂ *ਮਹੀਨੇ* ਦੇ ਹਿਸਾਬ ਨਾਲ ਦੇਖ ਸਕਦੇ ਹੋ।

ਇਸ ਕੈਲੰਡਰ ਵਿੱਚ ਸਕੂਲ ਦੇ ਕੈਲੰਡਰ ਵਿਚਲੀ ਜਾਣਕਾਰੀ ਦੇ ਨਾਲ ਨਾਲ ਅਧਿਆਪਕਾਂ ਵੱਲੋਂ ਅਸਾਈਨਮੈਂਟਾਂ ਦਿੱਤੇ ਜਾਣ ਅਤੇ ਮੁਕੰਮਲ ਕਰਕੇ ਵਾਪਸ ਕਰਨ ਦੀਆਂ ਤਰੀਕਾਂ ਬਾਰੇ ਪਾਈ ਹੋਈ ਜਾਣਕਾਰੀ ਹੋ ਸਕਦੀ ਹੈ।

ਤੁਸੀਂ **ਆਪਸ਼ਨਜ਼** ਮੀਨੂ ਦੀ ਵਰਤੋਂ ਕਰਕੇ ਅਤੇ **ਐਡ ਅਪੁਆਇੰਟਮੈਂਟ** ਦੀ ਚੋਣ ਕਰਕੇ ਆਪਣੀਆਂ ਅਪੁਆਇੰਟਮੈਂਟਾਂ ਇਸ ਕੈਲੰਡਰ ਵਿੱਚ ਦਰਜ ਕਰ ਸਕਦੇ ਹੋ।

